# 1. ਪੰਜਾਬੀਅਤ : ਸਭਿਆਚਾਰਕ ਪਰਿਪੇਖ

ਪੰਜਾਬੀਅਤ, ਪੰਜਾਬੀ ਵਿਅਕਤੀ ਦੀ ਸਭਿਆਚਾਰਕ ਪਛਾਣ ਨੂੰ ਦਰਸਾਉਂਦੀ ਹੈ। ਪੰਜਾਬੀ ਸਭਿਆਚਾਰ ਉਹ, ਜਿਹੜਾ ਮੁੱਢਲੇ ਤੌਰ 'ਤੇ ਪੰਜਾਬ ਦੀ ਧਰਤੀ ਤੇ ਵਿਕਸਿਤ ਹੋਇਆ ਹੈ। ਅਜਿਹੀ ਪੰਜਾਬੀਅਤ ਦਾ ਵਰੋਸਾਇਆ ਵਿਅਕਤੀ ਦੁਨੀਆ 'ਚ ਜਿੱਥੇ ਕਿਤੇ ਵੀ ਗਿਆ ਆਪਣੇ ਬੁਨਿਆਦੀ ਪਛਾਣ-ਚਿੰਨ੍ਹ ਨਾਲ ਹੀ ਲੈ ਕੇ ਗਿਆ।

'ਪੰਜਾਬ' ਭਾਰਤ ਦਾ ਇਕ ਖੁਸ਼ਹਾਲ ਸੂਬਾ ਹੈ। ਪੁਰਾਤਨ ਸਮਿਆਂ ਇਸ ਦਾ ਨਾਂ ਸਪਤ ਸਿੰਧੂ ਹੁੰਦਾ ਸੀ। ਪਾਣੀ ਦੇ ਦੋ ਸੋਮਿਆਂ ਦੇ ਸੁੱਕਣ ਸਦਕਾ ਇਸ ਦਾ ਨਾਂ 'ਪੰਚਨਦ' ਪੈ ਗਿਆ। ਫਿਰ ਫਾਰਸੀ ਪ੍ਰਭਾਵ ਸਦਕਾ ਇਸ ਦਾ ਨਾਂ 'ਪੰਚਨਦ' ਤੋਂ 'ਪੰਜਾਬ' ਹੋ ਗਿਆ। 'ਪੰਜਾਬ' ਦੋ ਸ਼ਬਦਾਂ ਪੰਜ+ਆਬ ਤੋਂ ਮਿਲ ਕੇ ਬਣਿਆ ਹੈ, ਭਾਵ ਪੰਜਾਂ ਪਾਣੀਆਂ ਦਾ ਦੇਸ਼। ਇਹ ਪੰਜ ਪਾਣੀ ਪੰਜ ਦਰਿਆਵਾਂ ਦੇ ਰੂਪ ਵਿਚ ਹਨ। ਇਹਨਾਂ ਦਰਿਆਵਾਂ ਸਦਕਾ ਹੀ ਪੰਜਾਬ ਦੀ ਧਰਤੀ ਉਪਜਾਊ ਬਣੀ। ਇਸੇ ਉਪਜਾਊਪੁਣੇ ਕਰਕੇ ਪੰਜਾਬ ਦਾ ਖੇਤੀਬਾੜੀ ਧੰਦਾ ਹੋਂਦ ਵਿੱਚ ਆਇਆ। ਇਸ ਧੰਦੇ ਸਦਕਾ ਹੀ ਪੰਜਾਬ ਦਾ ਵੱਖਰੀ ਕਿਸਮ ਦਾ ਸਮਾਜਿਕ, ਪਰਿਵਾਰਕ ਅਤੇ ਸਭਿਆਚਾਰਕ ਸੰਦਰਭ ਉੱਭਰਿਆ। ਖੇਤੀਬਾੜੀ ਅਧਾਰਿਤ ਅਰਥ ਵਿਵਸਥਾ ਨੇ ਹੀ ਇਕ ਨਵੇਕਲੀ ਕਿਸਮ ਦੀ ਚੇਤਨਾ ਅਤੇ ਲੋਕਧਾਰਾ ਨੂੰ ਜਨਮ ਦਿੱਤਾ।

ਪੰਜਾਬੀ ਵਿਅਕਤੀ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲੀ ਪੰਜਾਬੀ ਭਾਸ਼ਾ ਵੀ ਇਸ ਖਿੱਤੇ ਵਿੱਚ ਹੀ ਵਿਕਸਿਤ ਹੋਈ ਹੈ। ਵੈਦਿਕ ਸੰਸਕ੍ਰਿਤ ਅਤੇ ਲੌਕਿਕ ਸੰਸਕ੍ਰਿਤ ਕ੍ਰਮਵਾਰ ਪੜ੍ਹੇ-ਲਿਖੇ ਤੇ ਆਮ ਲੋਕਾਂ ਦੀ ਬੋਲੀ ਵਜੋਂ ਪ੍ਰਵਾਨ ਹੋਈ। ਪੰਜਾਬ ਲਈ ਇਹ ਗੱਲ ਮਾਣ ਵਾਲੀ ਹੈ ਕਿ ਸੰਸਕ੍ਰਿਤ ਗ੍ਰੰਥ 'ਰਿਗਵੇਦ' ਪੰਜਾਬ ਦੀਆਂ ਨਦੀਆਂ ਦੇ ਕੰਢੇ 'ਤੇ ਰਚਿਆ ਗਿਆ। ਮਹਾਨ ਵਿਆਕਰਣਕਾਰ 'ਪਾਣਿਨੀ' ਇਸੇ ਭਾਸ਼ਾ ਦਾ ਵਿਦਵਾਨ ਹੈ। ਵਿਆਕਰਣਕ ਨੇਮਾਂ ਵਿੱਚ ਬੱਝੀ ਹੋਣ ਕਰਕੇ ਸੰਸਕ੍ਰਿਤ ਭਾਸ਼ਾ ਆਮ ਲੋਕਾਂ ਤੋਂ ਦੂਰ ਹੁੰਦੀ ਗਈ ਅਤੇ ਸਾਧਾਰਨ ਲੋਕਾਂ ਦੀ ਭਾਸ਼ਾ ਪ੍ਰਾਕਿਰਤ ਵਜੋਂ ਵਿਕਸਿਤ ਹੋਈ। ਅੱਗੋਂ ਪ੍ਰਾਕਿਰਤ ਅਪਭ੍ਰੰਸ਼ ਦੇ ਰੂਪ ਵਿੱਚ ਵਿਕਸਿਤ ਹੁੰਦੀ ਹੈ। ਜਿਸ ਵਿੱਚੋਂ ਸ਼ੋਰਸੈਨੀ ਅਤੇ ਪੈਸ਼ਾਚੀ ਅਪਭ੍ਰੰਸ਼ ਪੰਜਾਬੀ ਭਾਸ਼ਾ ਦੇ ਨਿਕਾਸ ਸ੍ਰੋਤ ਹਨ। ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਦੀ ਰਚਨਾ ਨਾਲ ਪੰਜਾਬੀ ਆਪਣੇ ਆਧੁਨਿਕ ਸਰੂਪ ਦੇ ਨੇੜੇ ਹੁੰਦੀ ਹੈ। ਸਿੱਖ ਗੁਰੂ ਸਾਹਿਬਾਨ ਨੇ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਨੂੰ ਵਿਉਂਤਬੱਧ ਕੀਤਾ। 'ਆਦਿ ਗ੍ਰੰਥ' ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾਂ ਸਰਵ-ਪ੍ਰਮਾਣਿਤ ਸ੍ਰੋਤ ਹੈ। ਵੱਖ-ਵੱਖ ਪੜਾਵਾਂ ਵਿੱਚੋਂ ਲੰਘਦੇ ਸਮੇਂ ਅਰਬੀ, ਫਾਰਸੀ, ਉਰਦੂ, ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਪ੍ਰਭਾਵ ਕਬੂਲਦੀ ਹੋਈ ਪੰਜਾਬੀ ਭਾਸ਼ਾ ਆਪਣੇ ਆਧੁਨਿਕ ਸਰੂਪ ਨੂੰ ਪ੍ਰਾਪਤ ਹੁੰਦੀ ਹੈ। ਪੰਜਾਬੀ ਵਿਅਕਤੀ ਦੇ ਸੁਭਾਅ ਨੂੰ ਨਿਸ਼ਚਿਤ ਕਰਨ ਵਿੱਚ ਇਸ ਭਾਸ਼ਾ ਦਾ ਭਰਪੂਰ ਯੋਗਦਾਨ ਹੈ।

ਪੰਜਾਬੀ ਸਭਿਆਚਾਰ ਦੀ ਸਿਰਜਨਾ ਵਿੱਚ ਇਸ ਦੇ ਇਤਿਹਾਸ ਅਤੇ ਭੂਗੋਲ ਦਾ ਵਿਸ਼ੇਸ਼ ਯੋਗਦਾਨ ਹੈ। ਸਭਿਆਚਾਰਕ ਲੱਛਣ ਇਸ ਆਧਾਰ ਦਾ ਹੀ ਰੂਪ ਹਨ। ਇੱਥੋਂ ਦੇ ਦਰਿਆਵਾਂ, ਪਹਾੜਾਂ ਤੇ ਮੈਦਾਨਾਂ ਨੇ ਪੰਜਾਬੀ ਸਭਿਆਚਾਰ ਨੂੰ ਵੰਨ-ਸੁਵੰਨਤਾ ਦਿੱਤੀ ਹੈ ਅਤੇ ਦੇਸੀ ਵਿਦੇਸ਼ੀ ਜਾਤਾਂ ਤੇ ਨਸਲਾਂ ਨੇ ਇਸ ਵੰਨ-ਸੁਵੰਨਤਾ ਨੂੰ ਬਹੁਰੰਗਾ ਕਰ ਦਿੱਤਾ ਹੈ।

ਪੰਜਾਬ ਦੀ ਭੂਗੋਲਿਕ ਸਥਿਤੀ ਉੱਤੇ ਇਕ ਹੋਰ ਵੱਡਾ ਪ੍ਰਭਾਵ ਇਹ ਹੈ ਕਿ ਪ੍ਰਾਚੀਨ ਸਮੇਂ ਤੋਂ ਹੀ ਵਿਦੇਸ਼ੀ ਹਮਲਾਵਰ ਪੰਜਾਬ ਦੇ ਰਸਤੇ ਤੋਂ ਹੀ ਭਾਰਤ ਵਿਚ ਦਾਖਲ ਹੁੰਦੇ ਸਨ। ਇਸ ਲਈ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਪਹਿਲਾਂ ਇਹਨਾਂ ਹਮਲਾਵਰਾਂ ਦਾ ਸਾਹਮਣਾ ਕਰਨਾ ਪੈਂਦਾ ਸੀ। 'ਪੰਜਾਬ ਦੇ ਜੰਮੇ ਨੂੰ ਨਿੱਤ ਮੁਹਿੰਮਾਂ' ਅਖਾਣ ਹੀ ਇਹ ਪੁਸ਼ਟੀ ਕਰਦਾ ਹੈ ਕਿ ਇਹ ਲੋਕ ਦਲੇਰੀ ਨਾਲ ਰਣ ਭੂਮੀ ਵਿਚ ਜੂਝਦੇ ਹਨ। ਇਹ ਪੰਜਾਬੀਆਂ ਦੇ ਸੁਭਾਅ ਦਾ ਇਕ ਪਹਿਲੂ ਹੈ, ਜਿਹੜਾ ਲੋਕਾਂ ਨੂੰ ਇਕ-ਜੁੱਟ ਹੋ ਕੇ ਰਹਿਣ ਦੀ ਪ੍ਰੇਰਣਾ ਦਿੰਦਾ ਹੈ।

ਪੰਜਾਬੀ ਸਭਿਆਚਾਰ ਮੁੱਢਲੇ ਰੂਪ ਵਿਚ ਖੇਤੀਬਾੜੀ ਅਧਾਰਿਤ ਸਭਿਆਚਾਰ ਹੈ। ਕਿਰਤ ਪੱਖੀ ਹੋਣ ਕਰਕੇ ਇਸ ਬਣਤਰ ਵਿਚ ਵਿਹਲੜ ਜਾਂ ਨਿੰਕਮੇ ਬੰਦੇ ਲਈ ਕੋਈ ਥਾਂ ਨਹੀਂ ਹੈ।

ਖੇਤੀਬਾੜੀ ਅਧਾਰਿਤ ਢਾਂਚੇ ਨੇ ਮੁੱਖ ਤੌਰ 'ਤੇ ਦੋ ਸ਼੍ਰੇਣੀਆਂ ਪੈਦਾ ਕੀਤੀਆਂ। ਇੱਕ ਕਾਸ਼ਤਕਾਰ ਸ਼੍ਰੇਣੀ ਜਿਸ ਨੂੰ ਕਿਸਾਨ ਕਹਿੰਦੇ ਹਨ ਅਤੇ ਦੂਜੀ ਕਾਰੀਗਰ ਸ਼੍ਰੇਣੀ ਜੋ ਕਿਸਾਨਾਂ ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਇਹ ਦੋਵੇਂ ਸ਼੍ਰੇਣੀਆਂ ਇੱਕ ਦੂਜੇ ਦੇ ਪੂਰਕ ਵਜੋਂ ਸਥਾਪਿਤ ਹੁੰਦੀਆਂ ਹਨ ਅਤੇ ਇਕ ਵਿਲੱਖਣ ਸਾਂਝ ਭਰਪੂਰ ਰਿਸ਼ਤਾ-ਪ੍ਰਣਾਲੀ ਨੂੰ ਜਨਮ ਦੇਂਦੀਆਂ ਹਨ।

ਪੰਜਾਬੀ ਸਮਾਜ ਦੀ ਪ੍ਰਮੁੱਖ ਇਕਾਈ ਟੱਬਰ ਹੈ। ਵਡੇਰਾ ਮੈਂਬਰ ਇਸ ਟੱਬਰ ਦਾ ਮੁਖੀ ਹੁੰਦਾ ਹੈ, ਜਿਸ ਨੂੰ 'ਲਾਣੇਦਾਰ' ਵੀ ਕਹਿੰਦੇ ਹਨ, ਹਰ ਪਰਿਵਾਰਕ ਜ਼ੁੰਮੇਵਾਰੀ ਜਿਵੇਂ ਚੀਜ਼ ਲੈਣੀ-ਦੇਣੀ, ਰਿਸ਼ਤੇ ਸੌਂਦੇ ਤੈਅ ਕਰਨੇ ਆਦਿ ਉਸ ਦੀ ਮਰਜ਼ੀ ਨਾਲ ਹੀ ਸੰਭਵ ਹੁੰਦੇ ਹਨ।

ਪੰਜਾਬੀ ਸਭਿਆਚਾਰ ਵਿੱਚ ਰਿਸ਼ਤਾ ਪ੍ਰਣਾਲੀ ਦੇ ਦੋ ਮੁੱਖ ਆਧਾਰ ਹਨ:- ਨਾਨਕੇ ਅਤੇ ਦਾਦਕੇ। ਹਰ ਰਿਸ਼ਤੇ ਦਾ ਮਾਨਸਿਕ, ਆਰਥਿਕ, ਸਮਾਜਿਕ ਜਾਂ ਧਾਰਮਿਕ ਮਹੱਤਵ ਹੁੰਦਾ ਹੈ। ਮਾਂ, ਪਿਉ, ਚਾਚਾ, ਚਾਚੀ, ਤਾਇਆ, ਤਾਈ, ਮਾਮਾ, ਮਾਮੀ, ਮਾਸੜ, ਮਾਸੀ, ਫੁਫੜ, ਭੂਆ ਆਦਿ ਵੱਡੇ ਰਿਸ਼ਤੇ ਹਨ। ਜਿਹੜੇ ਦਾਦਾ, ਦਾਦੀ, ਨਾਨਾ, ਨਾਨੀ ਤੋਂ ਮਗਰੋਂ ਮਹੱਤਵਪੂਰਨ ਰੁਤਬਾ ਰੱਖਦੇ ਹਨ। ਭੈਣ-ਭਰਾ ਦਾ ਰਿਸ਼ਤਾ ਮਾਨਸਿਕ ਅਤੇ ਸਮਾਜਿਕ ਪੱਖ ਤੋਂ ਸ਼ਰੋਮਣੀ ਰਿਸ਼ਤਾ ਹੈ। ਜੀਜਾ-ਸਾਲੀ, ਦਿਉਰ-ਭਰਜਾਈ, ਭਣੋਓ (ਭਣੋਈਏ ਦੀ ਭੈਣ) ਅਤੇ ਸਾਲੇਹਾਰ ਰੁਝ ਰੁਮਾਂਟਿਕ ਰਿਸ਼ਤੇ ਹਨ। ਗੁੰਝਲਦਾਰ ਰਿਸ਼ਤਾ ਪ੍ਰਣਾਲੀ ਇਸ ਸਮਾਜ ਦੀ ਖ਼ੂਬੀ ਹੈ।

ਪੰਜਾਬੀ ਸਭਿਆਚਾਰ ਵਿੱਚ ਔਰਤ ਪ੍ਰਤੀ ਨਜ਼ਰੀਆ ਤ੍ਰਿਸਕਾਰ ਵਾਲਾ ਨਹੀਂ ਸਗੋਂ ਸਨਮਾਨ ਤੇ ਸਹਿਯੋਗ ਭਰਪੂਰ ਹੈ। ਪੰਜਾਬੀ ਵਿਅਕਤੀ ਦੀ ਅਜਿਹੀ ਮਾਨਸਿਕਤਾ ਨੂੰ ਵਿਕਸਤ ਕਰਨ ਵਿੱਚ ਗੁਰੂ ਸਹਿਬਾਨ ਨੇ ਵੱਡਾ ਯੋਗਦਾਨ ਪਾਇਆ ਹੈ। ਗੁਰੂ ਨਾਨਕ ਦੇਵ ਨੇ ਫੁਰਮਾਇਆ ਹੈ :-

"ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ"

ਵੱਖ-ਵੱਖ ਜਾਤਾਂ ਦਾ ਸੁਜੱਸਮਾ ਹੋਣ ਦੇ ਬਾਵਜੂਦ ਵੀ ਇਹ ਸਭਿਆਚਾਰ ਜਾਤ-ਪਾਤ ਦੀ ਪੀਡੀ ਪਕੜ ਵਿਚ ਨਹੀਂ ਆਉਂਦਾ। ਇੱਥੇ ਜਾਤ-ਪਾਤ ਦੀ ਹੋਂਦ ਤਾਂ ਹੈ ਪਰ ਬਹੁਤੀ ਕਠੋਰ ਨਹੀਂ ਹੈ। ਜਾਤਾਂ ਸੰਬੰਧੀ ਸ਼ਬਦਾਵਲੀ ਤ੍ਰਿਸਕਾਰ ਵਾਲੀ ਨਹੀਂ, ਸਗੋਂ ਸਤਿਕਾਰ ਯੋਗ ਹੈ। ਅਨੇਕਤਾ ਹੋਣ ਦੇ ਬਾਵਜੂਦ ਵੀ ਇਸ ਸਭਿਆਚਾਰ ਵਿਚ ਏਕਤਾ ਹੈ। ਵੱਖ-ਵੱਖ ਜਾਤਾਂ ਹੋਣ ਦੇ ਬਾਵਜੂਦ ਵੀ ਫਿਰਕੂ ਰੰਗਤ ਨਹੀਂ ਹੈ।

ਇਕ-ਦੂਜੇ ਦੇ ਧਰਮ ਜਾਂ ਧਾਰਮਿਕ ਰਹੁ-ਰੀਤਾਂ ਦਾ ਮਜ਼ਾਕ ਉਡਾਉਣ ਦੀ ਥਾਂ ਪੰਜਾਬੀ ਲੋਕ ਇਨ੍ਹਾਂ ਦਾ ਸਤਿਕਾਰ ਕਰਦੇ ਹੋਏ ਆਪਣੇ ਆਪ ਨੂੰ ਉਨ੍ਹਾਂ ਵਿੱਚ ਸ਼ਾਮਿਲ ਕਰਦੇ ਹਨ।

ਸਮੁੱਚੇ ਰੂਪ ਵਿੱਚ ਸਭਿਆਚਾਰ ਕਿਸੇ ਕੌਮ ਜਾਂ ਜਨ ਸਮੂਹ ਦਾ ਜੀਵਨ ਢੰਗ ਹੁੰਦਾ ਹੈ। ਸਭਿਆਚਾਰ ਮਨੁੱਖੀ ਜੀਵਨ ਦੇ ਵਿਕਾਸ ਦੀ ਇੱਕ ਅਜਿਹੀ ਨਿਰੰਤਰ ਗਤੀਸ਼ੀਲ ਪ੍ਰਕਿਰਿਆ ਹੈ, ਜਿਸ ਦੇ ਵਿਭਿੰਨ ਅੰਸ਼ ਹਰ ਪੀੜ੍ਹੀ ਚਿਹਨਾਂ ਪ੍ਰਤੀਕਾਂ ਰਾਹੀਂ ਗ੍ਰਹਿਣ ਕਰਦੀ  ਅਤੇ ਦੂਜੀ ਪੀੜ੍ਹੀ ਤਕ ਪਹੁੰਚਾਉਂਦੀ ਹੈ। ਸਮਾਜਿਕ ਆਦਾਨ ਪ੍ਰਦਾਨ ਦਾ ਇਹ ਸਿਲਸਿਲਾ ਇਤਿਹਾਸਕ ਸਮਿਆਂ ਦੌਰਾਨ ਅਨੇਕ ਤਰ੍ਹਾਂ ਦੀਆਂ ਤਬਦੀਲੀਆਂ ਵਿੱਚੋ ਲੰਘਦਾ ਰਹਿੰਦਾ ਹੈ। ਹਰ ਪੀੜ੍ਹੀ ਆਪਣੇ ਵਿਰਸੇ ਦਾ ਪੁਨਰ ਮੁਲਾਂਕਣ ਕਰ ਕੇ ਆਪਣੀ ਲੋੜ ਅਨੁਸਾਰ ਇਸਦੇ ਬਹੁਤ ਸਾਰੇ ਅੰਸ਼ਾਂ ਨੂੰ ਅਪਣਾ ਲੈਂਦੀ ਹੈ ਜਾਂ ਫਿਰ ਸਮਾਂ ਵਿਹਾ ਚੁੱਕੇ ਸਭਿਆਚਾਰਕ ਮੁੱਲਾਂ ਦਾ ਤਿਆਗ ਵੀ ਕਰ ਲੈਂਦੀ ਹੈ। ਅਪਨਾਉਣ ਤੇ ਤੱਜਣ ਦੇ ਇਸ ਅਮਲ ਸਦਕਾ ਹੀ ਸੱਜਰਾਪਣ ਅਤੇ ਮੌਲਿਕਤਾ ਵਰਗੇ ਗੁਣ ਲੱਛਣ ਵੀ ਬਣੇ ਰਹਿੰਦੇ ਹਨ ਅਤੇ ਨਾਲੋ-ਨਾਲ ਪ੍ਰੰਪਰਾ ਅਤੇ ਆਧੁਨਿਕਤਾ ਵਿੱਚ ਨਿਰੰਤਰਤਾ ਵੀ ਬਣੀ ਰਹਿੰਦੀ ਹੈ। ਕੋਈ ਵੀ ਸਭਿਆਚਾਰ ਨਾ ਤਾਂ ਉੱਕਾ ਹੀ ਪ੍ਰਾਚੀਨ ਹੁੰਦਾ ਹੈ ਅਤੇ ਨਾ ਹੀ ਨਿਰੋਲ 'ਨਵੀਨ' ਗੁਣ-ਲੱਛਣਾਂ ਵਾਲਾ ਹੁੰਦਾ ਹੈ। ਇਹ ਸਾਰਾ ਕੁਝ ਕਿਸੇ ਸਮਾਜਿਕ ਵਾਤਾਵਰਣ ਵਿੱਚ ਹੀ ਸੰਭਵ ਹੁੰਦਾ ਹੈ ਕਿਉਂਕਿ ਸਭਿਆਚਾਰ, ਜੀਵ ਵਿਗਿਆਨਕ ਵਿਰਸਾ ਨਹੀਂ ਸਗੋਂ ਸਮਾਜਿਕ ਵਿਰਸਾ ਹੁੰਦਾ ਹੈ।

## ਅਭਿਆਸ-ਪ੍ਰਸ਼ਨ

**ਪ੍ਰਸ਼ਨ** 1. ਪੰਜਾਬ ਸ਼ਬਦ ਤੋਂ ਕੀ ਭਾਵ ਹੈ ?

ਪ੍ਰਸ਼ਨ 2. ਪੰਜਾਬੀ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਦੱਸੋ ?

ਪ੍ਰਸ਼ਨ 3. ਪੰਜਾਬੀ ਰਿਸ਼ਤਾ ਪ੍ਰਣਾਲੀ ਬਾਰੇ ਜਾਣਕਾਰੀ ਦਿਉ ?

ਪ੍ਰਸ਼ਨ 4. ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ ਬਿਆਨ ਕਰੋ ?